ਵੱਲੋਂ: ਡਾਇਰੈਕਟੋਰੇਟ ਪਸ਼ੂ ਪਾਲਣ ਵਿਭਾਗ, ਪੰਜਾਬ
[illegible]
(ਅਮਲਾ-2-ਸ਼ਾਖਾ)

ਸੇਵਾ ਵਿਖੇ,

1) ਸ੍ਰੀ ਨਿਰਵੈਰ ਸਿੰਘ ਪੁੱਤਰ ਸ੍ਰੀ ਹਰਜੀਤ ਸਿੰਘ, ਹਾਊਸ ਨੰਬਰ:347, ਗਾਂਧੀ ਨਗਰ, ਰੇਲਵੇ ਰੋਡ, ਜਲਾਲਾਬਾਦ ਵੈਸਟ, ਜਿਲ੍ਹਾ ਫਾਜਿਲਕਾ, ਪੰਜਾਬ। ਪਿੰਨ ਕੋਡ 152024

2) ਸ੍ਰੀ ਹਰਚੰਦਬੀਰ ਸਿੰਘ ਪੁੱਤਰ ਸ੍ਰੀ ਤਲਬੀਰ ਸਿੰਘ, ਹਾਊਸ ਨੰਬਰ:ਐਚ 15/1037, ਗਲੀ ਨੰਬਰ:8, ਗੁਰੂ ਗੋਬਿੰਦ ਸਿੰਘ ਨਗਰ ਈਸਟ, ਮਜੀਠਾ ਰੋਡ, ਜਿਲ੍ਹਾ ਅੰਮ੍ਰਿਤਸਰ , ਪੰਜਾਬ। ਪਿੰਨ ਕੋਡ:143001

3) ਸ੍ਰੀ ਜੁਝਾਰ ਸਿੰਘ ਪੁੱਤਰ ਸ੍ਰੀ ਜਗਤਾਰ ਸਿੰਘ, ਪਿੰਡ: ਬਰਾਰੀ, ਡਾਕਖਾਨਾ: ਬਸਾਲੀ, ਤਹਿਸੀਲ: ਸ੍ਰੀ ਅਨੰਦਪੁਰ ਸਾਹਿਬ, ਜਿਲ੍ਹਾ ਰੂਪਨਗਰ, ਪੰਜਾਬ। ਪਿੰਨ ਕੋਡ:140117

4) ਸ੍ਰੀ ਕੁਲਵਿੰਦਰ ਸਿੰਘ ਪੁੱਤਰ ਸ੍ਰੀ ਨਾਜਰ ਸਿੰਘ, ਪਿੰਡ ਤੇ ਡਾਕਖਾਨਾ ਜਟਾਣਾ ਕਲਾਂ, ਤਹਿਸੀਲ: ਸਰਦੂਲਗੜ੍ਹ, ਜਿਲ੍ਹਾ ਮਾਨਸਾ, ਪੰਜਾਬ। ਪਿੰਨ ਕੋਡ:151506

ਮੀਮੋ ਨੰਬਰ/2021/ਅ-3/

ਮਿਤੀ:

ਵਿਸ਼ਾ:- ਪਸ਼ੂ ਪਾਲਣ ਵਿਭਾਗ,ਪੰਜਾਬ ਵਿੱਚ ਵੈਟਨਰੀ ਇੰਸਪੈਕਟਰ ਦੀ ਨਿਯੁਕਤੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਮੀਮੋ ਨੰ:32 /19/ 2013-ਪ.ਪ.-2(6)/ 6325, ਮਿਤੀ: 26-10-2021 ਅਤੇ ਮੀਮੋ ਨੰ:32/19/ 2013-ਪ.ਪ.-2(6)/7115, ਮਿਤੀ: 22-12-2021 ਰਾਹੀਂ ਵੈਟਨਰੀ ਇੰਸਪੈਕਟਰਾਂ ਦੀਆਂ ਅਸਾਮੀਆਂ ਭਰਨ ਸਬੰਧੀ ਦਿੱਤੀ ਗਈ ਮੰਨਜ਼ੂਰੀ ਅਤੇ ਅਧੀਨ ਸੇਵਾਵਾ ਚੋਣ ਬੋਰਡ ਦੇ ਪੱਤਰ ਨੰ ਮਿਤੀ 02.02.2023 ਅਤੇ ਪੱਤਰ ਨੰ:PSSB-ESTBORECT /1 /2022-ESTABLISHMENT-PSSSB/ 1/48209/2023, ਮਿਤੀ:24-04-2023 ਰਾਹੀਂ ਪਸ਼ੂ ਪਾਲਣ ਵਿਭਾਗ ਵਿੱਚ ਵੈਟਨਰੀ ਇੰਸਪੈਕਟਰ ਦੀ ਅਸਾਮੀ ਲਈ ਆਪ ਦੀਆਂ ਪ੍ਰਾਪਤ ਹੋਈਆਂ ਸ਼ਿਫਾਰਸਾ ਅਨੁਸਾਰ ਆਪਨੂੰ ਵੈਟਰਨਰੀ ਇੰਸਪੈਕਟਰ ਦੀ ਅਸਾਮੀ ਤੇ ਮੁੱਢਲੀ ਤਨਖਾਹ ਸਕੇਲ 29,200/-ਰੁਪਏ (minimum **admissible pay)** ਪ੍ਰਤੀ ਮਹੀਨੇ ਦੀ ਦਰ ਨਾਲ ਹੋਣ ਸਬੰਧੀ ਹੇਠਾਂ ਅਨੁਸਾਰ ਦਰਸਾਈ ਸਥਿੱਤੀ / ਸ਼ਰਤਾਂ ਦੇ ਅਧਾਰ ਤੇ ਨਿਯੁਕਤੀ ਦੀ ਪੇਸ਼ਕਸ ਕੀਤੀ ਜਾਂਦੀ ਹੈ:-

ੳ) ਆਪ ਦੀਆਂ ਸੇਵਾਵਾਂ ਨੂੰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:7/204/2012-4 ਐਫ.ਪੀ.1/66, ਮਿਤੀ 15.01.2015, ਨੋਟੀਫਿਕੇਸ਼ਨ ਨੰ:7/204/2012-4 ਵਿਪ੍ਰ.1/60, ਮਿਤੀ 15.01.2015, ਪੱਤਰ ਨੰ: 7/204 / 2012-4 ਐਫ.ਪੀ.1/1049, ਮਿਤੀ 21.12.2015, ਨੋਟੀਫਿਕੇਸ਼ਨ ਨੰ: 7/204 / 2012-4 ਐਫ.ਪੀ.1/853793/1, ਮਿਤੀ 4.10.2016 ਅਤੇ ਨੰ: 7/72/2017-4 ਐਫ.ਪੀ.1/775,

ਕੰਡੀਸ਼ਨ ਆਫ ਸਰਵਿਸ), ਨਿਯਮ 1994 ਅਤੇ ਪੰਜਾਬ ਸਰਕਾਰ ਵੱਲੋ ਸਮੇ-ਸਮੇ ਤੇ ਜਾਰੀ ਹਦਾਇਤਾਂ ਅਨੁਸਾਰ ਨਿਸਚਿਤ ਕੀਤੀ ਜਾਵੇਗੀ ।

ਖ) ਆਪ ਨੂੰ ਭਾਰਤੀ ਸੰਵਿਧਾਨ ਦੀ ਗੋਪਨੀਅਤਾ ਸਬੰਧੀ ਨਾਲ ਨੱਥੀ ਪ੍ਰਫਾਰਮੇ ਅਨੁਸਾਰ ਸਹੁੰ ਚੁੱਕਣੀ ਪਵੇਗੀ।

ਗ) ਆਪ ਦੀ ਇਹ ਨਿਯੁਕਤੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਮਾਮਲੇ ਸਬੰਧੀ ਪੈਡਿੰਗ ਵੱਖ-ਵੱਖ ਰਿੱਟ ਪਟੀਸ਼ਨਾਂ ਦੇ ਫੈਸਲਿਆਂ ਦੇ ਅਸਰ ਅਧੀਨ ਹੋਵੇਗੀ।

ਘ) ਆਪਦਾ/ਆਪਦੀ ਇੱਕ ਤੋਂ ਵੱਧ ਜੀਵਤ ਪਤੀ/ਪਤਨੀ ਨਾ ਹੋਵੇ। ਇਸ ਬਾਬਤ ਤਸਦੀਕਸ਼ੁਦਾ ਹਲਫੀਆ ਬਿਆਨ/ਸਵੈ-ਘੋਸ਼ਣਾ ਪੱਤਰ ਦੇਣਾ ਪਵੇਗਾ।

ਙ) ਆਪ ਵੱਲੋਂ ਡਿਊਟੀ ਜੁਆਇੰਨ ਕਰਨ ਉਪਰੰਤ ਕੋਈ ਵੀ ਪੱਤਰ ਵਿਹਾਰ ਆਪਣੇ ਸੀਨੀਅਰ ਅਫਸਰ ਅਰਥਾਤ ਵੈਟਨਰੀ ਅਫਸਰ, ਸੀਨੀਅਰ ਵੈਟਰਨਰੀ ਅਫਸਰ/ਸਹਾਇਕ ਡਾਇਰੈਕਟਰ ਪਸ਼ੂ ਪਾਲਣ/ਡਿਪਟੀ ਡਾਇਰੈਕਟਰ ਪਸ਼ੂ ਪਾਲਣ ਰਾਹੀਂ ਕਰਨਾ ਯਕੀਨੀ ਬਣਾਉਂਣਾ ਪਵੇਗਾ।

ਚ) ਆਪ ਦੀ ਬਦਲੀ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਦੁਆਰਾ ਪੰਜਾਬ ਰਾਜ ਵਿੱਚ ਜਾਂ ਭਾਰਤ ਵਿੱਚ ਕਿਸੇ ਵੀ ਥਾਂ ਤੇ ਜੋ ਪੰਜਾਬ ਸਰਕਾਰ ਦੇ ਪ੍ਰਬੰਧਕੀ ਕੰਟਰੋਲ ਅਧੀਨ ਹੋਵੇ, ਵਿਖੇ ਕੀਤੀ ਜਾ ਸਕਦੀ ਹੈ।

ਛ) ਆਪ ਨੂੰ ਆਪਣੇ ਨਿਯੁਕਤੀ ਸਥਾਨ ਲਈ ਜੁਆਇੰਨਿੰਗ ਦੇ ਮਕਸਦ ਲਈ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

ਜ) ਆਪ ਨੂੰ ਆਪਣੇ ਨਿਯੁਕਤੀ ਸਥਾਨ ਤੋਂ ਬਦਲੀ ਸਬੰਧੀ ਪ੍ਰਤੀਬੇਨਤੀ ਤੇ ਪਹਿਲੇ ਤਿੰਨ ਸਾਲ ਦੇ ਪਰਖ ਕਾਲ ਦੌਰਾਨ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ।ਇਸ ਬਾਬਤ ਤਸਦੀਕਸ਼ੁੱਦਾ ਹਲਫੀਆਂ ਬਿਆਨ/ਸਵੈ-ਘੋਸ਼ਣਾ ਦੇਵੇਗਾ।

ਝ) ਆਪ ਨੂੰ ਪਰਖ ਕਾਲ ਸਮੇਂ ਦੌਰਾਨ ਕੋਈ ਸਟੱਡੀ ਲੀਵ, ਐਕਸ ਇੰਡੀਆ ਲੀਵ ਜਾਂ ਬਿਨਾਂ ਤਨਖਾਹ ਛੁੱਟੀ ਮੰਨਜ਼ੂਰ ਨਹੀਂ ਕੀਤੀ ਜਾਵੇਗੀ। ਇਸ ਬਾਬਤ ਤਸਦੀਕਸ਼ੁੱਦਾ ਹਲਫੀਆਂ ਬਿਆਨ/ਸਵੈ-ਘੋਸ਼ਣਾ ਦੇਵੇਗਾ।

ਞ) ਆਪ ਦੇ ਤਨਖਾਹ ਸਕੇਲਾਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵੱਲੋਂ ਨੰ:7/42/2020-5 ਐਫ.ਪੀ.1/741-746, ਮਿਤੀ:17.07.2020 ਰਾਹੀਂ ਜਾਰੀ ਹਦਾਇਤਾਂ ਦੇ ਸਬੰਧ ਵਿੱਚ ਤਨਖਾਹ ਸਕੇਲਾਂ ਅਤੇ ਹੋਰ ਭੱਤਿਆਂ ਆਦਿ ਬਾਰੇ ਵਿੱਤ ਵਿਭਾਗ ਵੱਲੋਂ ਲਏ ਜਾਣ ਵਾਲੇ ਅੰਤਮ ਫੈਸਲੇ ਅਨੁਸਾਰ ਮੁੜ ਨਿਰਧਾਰਤ / ਰਿਵਿਊ ਕੀਤੇ ਜਾਣਗੇ ਅਤੇ ਜੇਕਰ ਸਕੇਲਾਂ / ਭੱਤਿਆਂ ਵਿੱਚ ਫੇਰ-ਬਦਲ ਹੁੰਦੀ ਤਾਂ ਵਿੱਤ ਵਿਭਾਗ ਤੋਂ ਪ੍ਰਾਪਤ ਹੋਣ ਵਾਲੀ ਸਹਿਮਤੀ / ਰਹਿਬਰੀ ਅਨੁਸਾਰ ਨਿਯੁਕਤੀ ਪੱਤਰ ਸੋਧਕੇ ਜਾਰੀ ਕੀਤਾ ਜਾਵੇਗਾ। ਜੇਕਰ ਆਪ ਨੂੰ ਕੋਈ ਵਾਧੂ ਅਦਾਇਗੀ ਹੋ ਜਾਂਦੀ ਹੈ ਤਾਂ ਉਨ੍ਹਾਂ ਹਾਲਾਤਾਂ ਵਿੱਚ ਬਣਦੀ ਰਿਕਵਰੀ ਆਦਿ ਰੂਲਾਂ / ਹਦਾਇਤਾਂ ਅਨੁਸਾਰ ਕਰ ਲਈ ਜਾਵੇਗੀ।

ਮਿਤੀ 8.9.2017, ਪੱਤਰ ਨੰ: 6/17/2017- 1 ਐਫ.ਪੀ.2/ 627, ਮਿਤੀ 25.9.2017, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵੱਲੋਂ ਨੰ:7/42/2020-5 ਐਫ.ਪੀ.1/741-746, ਮਿਤੀ:17.07.2020 ਰਾਹੀਂ ਜਾਰੀ ਹਦਾਇਤਾਂ ਅਤੇ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਸਬੰਧ ਵਿੱਚ ਵਿੱਤ ਵਿਭਾਗ (ਵਿੱਤ ਪ੍ਰਸੋਨਲ-1-ਸਾਖਾ) ਪਾਸੋਂ ਅੰ.ਵਿ.ਪੱ.ਨੰ: 7/106/2020-2 ਐਫ.ਪੀ.1/15, ਮਿਤੀ 04-01-2021 ਰਾਹੀਂ ਵੈਟਨਰੀ ਇੰਸਪੈਕਟਰਾਂ ਦੇ ਉਕਤ ਨਵੇਂ ਸਕੇਲਾਂ ਨੂੰ ਨਿਰਧਾਰਤ ਕਰਨ ਬਾਰੇ ਪ੍ਰਾਪਤ ਹੋਈ ਰਹਿਬਰੀ ਅਨੁਸਾਰ ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ (ਪਸ਼ੂ ਪਾਲਣ -1 ਸ਼ਾਖਾ), ਚੰਡੀਗੜ੍ਹ ਵੱਲੋਂ ਨੋਟੀਫਿਕੇਸ਼ਨ ਨੰ: 28/42/2020 - ਪ.ਪ.1 (2)/169, ਮਿਤੀ 12-01-2021 ਅਨੁਸਾਰ ਲਾਭ ਮਿਲਣ ਯੋਗ ਹੋਣਗੇ ਅਤੇ ਹੋਰ ਭੱਤੇ ਆਦਿ ਵਿੱਤ ਵਿਭਾਗ ਪਾਸੋਂ ਪ੍ਰਾਪਤ ਹੋਣ ਵਾਲੀ ਰਹਿਬਰੀ / ਹਦਾਇਤਾਂ ਅਨੁਸਾਰ ਨਿਰਧਾਰਤ ਕੀਤੇ ਜਾਣਗੇ।

ਅ) ਸਿੱਧੀ ਭਰਤੀ ਉਪਰੰਤ 3 ਸਾਲ ਦਾ ਪਰਖ ਕਾਲ ਦੇ ਸਮੇਂ ਦੇ ਦੌਰਾਨ ਜਾਂ ਉਸ ਪਰਖ ਕਾਲ ਦੇ ਸਮੇਂ ਵਿੱਚ ਜੇਕਰ ਕੋਈ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਝਵੀਂ ਤਨਖਾਹ (**fixed emolments**) ਦਿੱਤੀ ਜਾਵੇਗੀ।

ੲ) ਆਪ ਦੀਆਂ ਸੇਵਾਵਾਂ ਪੰਜਾਬ ਪਸ਼ੂ ਪਾਲਣ (ਗਰੁੱਪ ਸੀ) ਨਿਯਮ, 2021, ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ), ਨਿਯਮ 1994, ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ), ਰੂਲ 1970, ਸਰਕਾਰੀ ਕਰਮਚਾਰੀ (ਆਚਰਣ) ਨਿਯਮ, 1966 ਅਤੇ ਹੋਰ ਸਬੰਧਤ ਨਿਯਮਾਂ/ਹਦਾਇਤਾਂ ਜੋ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹੋਈਆਂ/ਹੋਣਗੀਆਂ ਤਹਿਤ ਗਵਰਨ ਹੋਣਗੀਆਂ। ਆਪ ਪਹਿਲੇ 3 ਸਾਲ ਦੇ ਸਮੇਂ ਲਈ ਪਰਖ ਕਾਲ ਤੇ ਹੋਵੋਗੇ । ਪਰਖ-ਕਾਲ ਦੇ ਸਮੇਂ ਦੌਰਾਨ ਜੇਕਰ ਆਪਦਾ ਕੰਮ ਅਤੇ ਆਚਰਣ ਠੀਕ ਨਾ ਪਾਇਆ ਗਿਆ ਜਾਂ ਕਿਸੇ ਵੀ ਸਮੇ ਇਹ ਪਾਇਆ ਗਿਆ ਕਿ ਆਪ ਵੱਲੋਂ ਇਹ ਨੌਕਰੀ ਪ੍ਰਾਪਤ ਕਰਨ ਲਈ ਗਲਤ ਸੂਚਨਾਂ/ਦਸਤਾਵੇਜ਼ ਸਰਕਾਰ ਜਾਂ ਪੰਜਾਬ ਅਧੀਨ ਸੇਵਾਵਾਂ ਚੋਣ, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਪੇਸ਼ ਕੀਤੇ ਗਏ ਹਨ, ਤਾਂ ਆਪ ਦੀਆਂ ਸੇਵਾਵਾਂ ਬਿਨਾਂ ਕਿਸੇ ਨੋਟਿਸ ਤੋਂ ਖਤਮ ਕਰ ਦਿੱਤੀਆਂ ਜਾਣਗੀਆਂ।

ਸ) ਆਪ ਦੀ ਨਿਯੁਕਤੀ ਨਿਰੋਲ ਆਰਜ਼ੀ ਤੌਰ ਤੇ ਹੋਵੇਗੀ ਅਤੇ ਤੁਹਾਡੀਆਂ ਸੇਵਾਵਾਂ ਇੱਕ ਮਹੀਨੇ ਦਾ ਅਗੇਤਾ ਨੋਟਿਸ ਜਾਂ ਨੋਟਿਸ ਬਦਲੇ ਇੱਕ ਮਹੀਨੇ ਦੀ ਤਨਖਾਹ ਦੇਕੇ ਖਤਮ ਕੀਤੀਆਂ ਜਾ ਸਕਦੀਆਂ ਹਨ। ਜੇਕਰ ਆਪ ਵੱਲੋਂ ਇਹ ਅਸਾਮੀ / ਵਿਭਾਗ ਛੱਡਣਾ ਹੋਵੇ ਤਾਂ ਤੁਹਾਨੂੰ ਵੀ ਇੱਕ ਮਹੀਨੇ ਦਾ ਨੋਟਿਸ ਜਾਂ ਨੋਟਿਸ ਦੇ ਬਦਲੇ ਇੱਕ ਮਹੀਨੇ ਦੀ ਤਨਖਾਹ ਅਤੇ ਭੱਤੇ ਜਮਾਂ ਕਰਵਾਉਣੇ ਪੈਣਗੇ।

ਹ) ਆਪ ਦੀਆਂ ਸੇਵਾਵਾਂ **"New Defined Contribution Pension Scheme"** ਤਹਿਤ ਗਵਰਨ ਹੋਣਗੀਆਂ।

ਕ) ਆਪ ਦੀ ਸੀਨੀਆਰਤਾ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ, ਸਾਹਿਬਜਾਦਾ ਅਜੀਤ ਸਿੰਘ ਨਗਰ ਤੋਂ ਪ੍ਰਾਪਤ ਸਾਂਝੀ ਮੈਰਿਟ ਸੂਚੀ, ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ

ਟ) ਆਪ ਨੂੰ ਨਿਯੁਕਤੀ ਲਈ ਹਾਜਰੀ ਰਿਪੋਟ ਪੇਸ਼ ਕਰਨ ਤੋਂ ਪਹਿਲਾਂ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਤੋਂ ਮੈਡੀਕਲ ਫਿਟਨੈਸ ਸਰਟੀਫਿਕੇਟ ਪ੍ਰਾਪਤ ਕਰਕੇ ਸਬੰਧਤ ਡਿਪਟੀ ਡਾਇਰੈਕਟਰ, ਪਸ਼ੂ ਪਾਲਣ / ਸਹਾਇਕ ਡਾਇਰੈਕਟਰ, ਪਸ਼ੂ ਪਾਲਣ ਨੂੰ ਪੇਸ਼ ਕਰਨਾ ਹੋਵੇਗਾ।

ਠ) ਆਪ ਕੋਲ ਦਸਵੀਂ ਪੱਧਰ ਤੱਕ ਪੰਜਾਬੀ ਵਿਸ਼ੇ ਦੀ ਯੋਗਤਾ ਜਰੂਰ ਹੋਣੀ ਚਾਹੀਦੀ ਹੈ।

ਡ) ਆਪਦੇ ਸਕੇਲਾਂ, ਭੱਤਿਆਂ ਆਦਿ ਸਬੰਧੀ ਵਿੱਤ ਵਿਭਾਗ ਵੱਲੋਂ ਨਿਰਧਾਰਤ ਕੀਤੇ ਤਨਖਾਹ ਸਕੇਲਾਂ ਅਤੇ ਇਸ ਸਬੰਧ ਵਿੱਚ ਭੱਵਿਖ ਵਿੱਚ ਜੇਕਰ ਕੋਈ ਹਦਾਇਤਾਂ ਜਾਰੀ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਅਧਾਰ ਮੰਨਕੇ ਲਾਗੂ ਹੋਣ ਬਾਰੇ ਇਸ ਨਿਯੁਕਤੀ ਪੱਤਰ ਦੀਆਂ ਸਰਤਾਂ ਨੂੰ ਸਵੀਕਾਰ ਕਰਨ ਬਾਰੇ ਸਵੈ-ਘੋਸ਼ਣਾ ਦੇਣੀ ਹੋਵੇਗੀ।

ਢ) ਆਪਨੂੰ ਇਹ ਹਲਫੀਆ ਬਿਆਨ ਦੇਣਾ ਪਵੇਗਾ ਕਿ ਆਪਨੂੰ ਕਦੇ ਕਿਸੇ ਕ੍ਰਿਮੀਨਲ ਕੇਸ ਵਿੱਚ ਸਜ਼ਾ ਨਹੀ ਹੋਈ ਹੈ ਅਤੇ ਨਾ ਹੀ ਭਾਰਤ ਸਰਕਾਰ,ਪੰਜਾਬ ਸਰਕਾਰ ਜਾਂ ਕਿਸੇ ਪਬਲਿਕ ਸੈਕਟਰ ਅੰਡਰਟੇਕਿੰਗ ਵੱਲੋ ਆਪ ਦੀਆਂ ਸੇਵਾਵਾਂ ਡਿਸਮਿਸ ਜਾਂ ਰੀਮੂਵ ਕੀਤੀਆਂ ਗਈਆਂ ਹਨ। ਜੇਕਰ ਨਿਯੁਕਤੀ ਉਪਰੰਤ ਅਜਿਹਾ ਕੋਈ ਮਾਮਲਾ ਇਸ ਵਿਭਾਗ ਦੇ ਧਿਆਨ ਵਿੱਚ ਆਉਦਾ ਹੈ ਤਾਂ ਆਪ ਦੀ ਨਿਯੁਕਤੀ ਬਿਨ੍ਹਾ ਕਿਸੇ ਨੋਟਿਸ ਤੋ ਰੱਦ ਸਮਝੀ ਜਾਵੇਗੀ।

ਣ) ਆਪ ਸਰਕਾਰੀ ਕਰਮਚਾਰੀ (ਆਚਰਣ) ਨਿਯਮ, 1966 ਦੇ ਨਿਯਮ 18 ਅਨੁਸਾਰ ਆਪਣੀ ਜਾਇਦਾਦ ਸਬੰਧੀ ਮੁਕੰਮਲ ਸੂਚਨਾ ਸਬੰਧਤ ਡਿਪਟੀ ਡਾਇਰੈਕਟਰ,ਪਸ਼ੂ ਪਾਲਣ ਨੂੰ ਸਬਮਿੱਟ ਕਰੇਗਾ।

2. ਜੇਕਰ ਉਸ ਨੂੰ ਉਪਰੋਕਤ ਸ਼ਰਤਾਂ ਪ੍ਰਵਾਨ ਹਨ ਤਾਂ ਨਾਲ ਨੱਥੀ ਗੋਪਨੀਅਤਾ ਦੀ ਸਹੁੰ ਸਬੰਧੀ ਸਵੈ-ਘੋਸ਼ਣਾ ਪੱਤਰ ਅਤੇ ਨੁਕਤਾ ਨੰ: 'ਡ' ਅਨੁਸਾਰ ਸਵੈ-ਘੋਸਣਾ ਪੱਤਰ ਲੈ ਕੇ ਅਤੇ ਸਰਕਾਰੀ ਨੌਕਰੀ ਵਿੱਚ ਦਾਖਲੇ ਲਈ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਤੋਂ ਮੈਡੀਕਲ ਫਿਟਨੈਸ ਸਰਟੀਫਿਕੇਟ ਪ੍ਰਾਪਤ ਕਰਕੇ ਅਨੁਲੱਗ-ੳ ਤੇ ਦਰਸਾਈ ਗਈ ਤੈਨਾਤੀ ਅਨੁਸਾਰ ਸਬੰਧਤ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਦੇ ਦਫਤਰ ਵਿਖੇ ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਹਾਜਰੀ ਰਿਪੋਟ ਪੇਸ਼ ਕਰ ਸਕਦਾ ਹੈ। ਜੇਕਰ ਉਸਨੇ ਆਪਣੀ ਹਾਜਰੀ ਰਿਪੋਟ ਨਿਰਧਾਰਤ ਸਮੇਂ ਦੇ ਅੰਦਰ ਪੇਸ਼ ਨਾ ਕੀਤੀ ਤਾਂ ਉਸਨੂੰ ਬਿਨਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਹਾਜਰ ਨਹੀਂ ਕਰਵਾਇਆ ਜਾਵੇਗਾ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: ਅ-3/2021/ ਮਿਤੀ

ਉਪਰੋਕਤ ਦਾ ਇੱਕ ਉਤਾਰਾ ਨਿੱਜੀ ਸਕੱਤਰ / ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਮੰਤਰੀ ਪੰਜਾਬ, ਨੂੰ ਮਾਨਯੋਗ ਮੰਤਰੀ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: 2021/ਅ-3/ 2695 ਮਿਤੀ 06-07-2023

ਇਸਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਰੂਪਨਗਰ, ਸੰਗਰੂਰ, ਲੁਧਿਆਣਾ ਅਤੇ ਅੰਮ੍ਰਿਤਸਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਤੋਂ ਉਕਤ ਨਿਯੁਕਤੀ ਹੁਕਮਾਂ ਵਿੱਚ ਦਰਸਾਈਆਂ ਸ਼ਰਤਾਂ ਅਨੁਸਾਰ ਸਕੇਲਾਂ ਸਬੰਧੀ ਸਵੈ ਘੋਸ਼ਣਾ ਦੇ ਰੂਪ ਵਿੱਚ ਅੰਡਰਟੇਕਿੰਗ ਲੈਂਦੇ ਹੋਏ ਸੇਵਾ ਪੱਤਰੀ ਵਿੱਚ ਪੇਸਟ ਕੀਤੀ ਜਾਵੇ।
2. ਨੋਡਲ ਅਫਸਰ ਐਪ ਮੈਨਜਮੈਂਟ ਨੂੰ ਭੇਜਕੇ ਲਿਖਿਆਂ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਵਿਭਾਗ ਦੀ ਵੈਬ-ਸਾਇਡ ਤੇ ਤੁਰੰਤ ਅੱਪ-ਲੋਡ ਕੀਤਾ ਜਾਵੇ ।
3. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਸਦਰ ਦਫਤਰ।
4. ਸੁਪਰਡੰਟ ਵਿਕਾਸ ਸ਼ਾਖਾ ਅਤੇ ਸੁਪਰੰਡਟ ਲੀਗਲ ਸ਼ਾਖਾ (ਸਦਰ ਦਫਤਰ)

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: ਅ-3/2021/ ਮਿਤੀ

ਇਸਦਾ ਇੱਕ ਉਤਾਰਾ ਡਿਪਟੀ ਡਾਇਰੈਕਟਰ, ਪਸ਼ੂ ਪਾਲਣ (ਟ੍ਰੇਨਿੰਗ), ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਬੰਧਤ ਡਿਪਟੀ ਡਾਇਰੈਕਟਰਾਂ ਪਸ਼ੂ ਪਾਲਣ ਨਾਲ ਤਾਲਮੇਲ ਕਰਕੇ ਨਵ-ਨਿਯੁਕਤ ਵੈਟਨਰੀ ਇੰਸਪੈਕਟਰਾਂ ਨੂੰ ਜਲਦੀ ਤੋਂ ਜਲਦੀ ਰਿਫਰੈਸ਼ਰ / ਓਰੀਏਟਸ਼ਨ ਟ੍ਰੇਨਿੰਗ ਕਰਵਾਈ ਜਾਵੇ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: ਅ-3/2021/ ਮਿਤੀ

ਇਸਦਾ ਇੱਕ ਉਤਾਰਾ ਸਿਵਲ ਸਰਜਨ ਰੂਪਨਗਰ, ਸੰਗਰੂਰ, ਲੁਧਿਆਣਾ ਅਤੇ ਅੰਮ੍ਰਿਤਸਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਪਾਸ ਪੇਸ਼ ਹੋਏ ਉਮੀਦਵਾਰਾਂ ਦਾ ਮੈਡੀਕਲ ਕਰਨ ਉਪਰੰਤ ਫਿਟਨੈਸ ਰਿਪੋਰਟ ਸਬੰਧਤ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: ਅ-3/2021/ ਮਿਤੀ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ, (ਪਸ਼ੂ ਪਾਲਣ -2 ਭਾਗ) ਚੰਡੀਗੜ੍ਹ ਨੂੰ ਸਰਕਾਰ ਦੇ ਮੀਮੋ ਨੰ: 32/19/2013-ਪ.ਪ.-2(6)/ 6325, ਮਿਤੀ:26-10-2021 ਅਤੇ ਮੀਮੋ ਨੰ: 32/19/2013-ਪ.ਪ.-2(6)/7115, ਮਿਤੀ: 22-12-2021 ਦੇ ਹਵਾਲੇ ਵਿੱਚ।
2. ਸਕੱਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਚੰਡੀਗੜ੍ਹ ਨੂੰ ਉਨ੍ਹਾਂ ਦੇ ਮੀਮੋ ਆਪਣੇ ਪੱਤਰ ਮਿਤੀ:02.02.2023 ਅਤੇ ਮਿਤੀ:24-04-2023 ਦੇ ਹਵਾਲੇ ਵਿੱਚ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ।